# ਹਿੰਦੂ

ਹਿੰਦੂਤਵੀ ਸਮਾਜਿਕ ਵਿਵਸਥਾ
ਅਤੇ ਭਾਰਤੀ ਰਾਜਨੀਤੀ ਦਾ ਇਕ ਦਰਦਨਾਕ ਦ੍ਰਿਸ਼

**ਸ਼ਰਨ ਕੁਮਾਰ ਲਿੰਬਾਲੇ**

ਅਨੁਵਾਦ

ਬੂਟਾ ਸਿੰਘ ਚੌਹਾਨ

ਹਿੰਦੂਤਵੀ ਸਮਾਜਿਕ ਵਿਵਸਥਾ ਅਤੇ ਭਾਰਤੀ ਰਾਜਨੀਤੀ ਦਾ ਇਕ ਦਰਦਨਾਕ ਦ੍ਰਿਸ਼

# ਹਿੰਦੂ

(ਨਾਵਲ)

ਸ਼ਰਣ ਕੁਮਾਰ ਲਿੰਬਾਲੇ

ਅਨੁਵਾਦ

ਬੂਟਾ ਸਿੰਘ ਚੌਹਾਨ

***HINDU*** (Novel)
*By* Sharan Kumar Limbale
*Tr. By* Boota Singh Chauhan

*Published By*
**RETHINK BOOKS**
Vill. Fatehgarh Chhanna
P.O. Deh-Kalan
Teh./Distt. Sangrur-148034
Email: rethinkbooks24@gmail.com

Sub-Office: 28A, Nilothi Ext.,
Vikaspuri Ext., Chandar Vihar,
New Delhi-110041

© Publisher

YEAR: 2024

ISBN: 978-93-94737-87-7

Printed at: D.K. Fine Art. Pvt. Ltd., New Delhi

ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫ਼ੋਟੋਕਾਪੀ ਜਾਂ ਪੀ.ਡੀ.ਐਫ ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਵਾਲੇ ਵਿਅਕਤੀ ਖ਼ਿਲਾਫ਼ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ.

# 1

ਮੇਰੇ ਹੱਥ ਪਿੱਪਲ ਦੀਆਂ ਟਾਹਣੀਆਂ ਵਾਂਗ ਹਿੱਲ ਰਹੇ ਸਨ। ਮੇਰੇ ਸਰੀਰ ’ਤੇ ਭਿੱਖੂਆਂ ਵਾਲੀ ਚਾਦਰ ਸੀ। ਸਰੀਰ ’ਤੇ ਧਮ (ਧਰਮ) ਚੱਕਰ ਫੈਲਿਆ ਹੋਇਆ ਸੀ। ਬਜਰ ਆਸਣ ਨਾਲ ਸੰਬੰਧਿਤ ਸੈਂਕੜੇ ਮੰਤਰ ਮੇਰੇ ਬੁੱਲ੍ਹਾਂ ’ਤੇ ਆ ਰਹੇ ਸਨ। ਮੇਰੇ ਕਣ-ਕਣ ’ਚੋਂ ‘ਬੁੱਧਮ ਸਰਣਮ ਗੱਛਾਮੀ’ ਦਾ ਨਾਅਰਾ ਗੂੰਜ ਰਿਹਾ ਸੀ। ਮੈਨੂੰ ਹੁਣ ਬੁੱਧ ਧਰਮ ਦਾ ਭਿਕਸ਼ੂ ਬਣ ਜਾਣਾ ਚਾਹੀਦਾ ਹੈ। ਬਚੀ ਹੋਈ ਜ਼ਿੰਦਗੀ ਬੋਧੀ ਭਿਕਸ਼ੂ ਬਣ ਕੇ ਧਰਮ ਕਾਰਜਾਂ ’ਤੇ ਲਾ ਦੇਣੀ ਚਾਹੀਦੀ ਹੈ। ਮਨ ’ਚ ਉੱਚਾ ਥੜ੍ਹਾ (ਬੋਧ ਸਤੂਪ) ਉੱਭਰ ਰਿਹਾ ਸੀ।

ਰਮਾ ਬਾਬਰ ਦੀ ਆਵਾਜ਼ ਕੰਨਾਂ ਨਾਲ ਟਕਰਾਈ ਅਤੇ ਮੈਂ ਧਿਆਨ ’ਚ ਵਿਚਲਿਤ ਹੋ ਗਿਆ। ਰਮਾ ਸ਼ਬਨਮ ਵਾਂਗ ਮੇਰੀਆਂ ਪਲਕਾਂ ’ਤੇ ਫੈਲ ਗਈ। ਉਸ ਦੀ ਦੇਹ ਨੇ ਧੁੰਦ ਪਹਿਨ ਲਈ ਸੀ।

ਉਸ ਦੀ ਛੋਹ ਨਾਲ ਮੇਰੇ ਸਰੀਰ ’ਚ ਰਿੱਛ ਨੱਚਣ ਲੱਗਿਆ।

ਮੇਰੇ ਮਨ ਦਾ ਮਹਾਂ ਨਿਰਵਾਣ ਹੋ ਜਾਵੇ।

ਮੇਰੇ ਮਨ ’ਚ ਸਥਿਤ ਬਹੁਤ ਸਾਰੇ ਮਾਰਗ ਗਿਆਨ ਪ੍ਰਾਪਤ ਕਰ ਲੈਣ। ਮੇਰੇ ਮਨ ’ਚ ਪਾਪ ਦਾ ਇਹ ਭਿਆਨਕ ਜੰਗਲ ਕਿਉਂ ਉੱਗ ਰਿਹਾ ਹੈ?

ਪਤਾ ਨਹੀਂ ਮੇਰੇ ਮਨ ’ਚ ਘੁੰਮ ਰਹੇ ਵਹਿਸ਼ੀ ਜਾਨਵਰ ਕਿੱਥੋਂ ਬਚ ਨਿਕਲ਼ਦੇ ਨੇ?

ਇਹ ਹਿੰਸਕ ਲੋਕ ਕਿਉਂ ਮਹਿਸੂਸ ਕਰਦੇ ਨੇ ਕਿ ਮੇਰਾ ਸਰੀਰ ਸੁਰੱਖਿਅਤ ਹੈ?

***

ਪਿਛਲੇ ਸਾਲ ਮੈਂ ਤੇ ਰਮਾ ਇੱਕੋ ਮੰਚ ’ਤੇ ਸੀ। ਮੇਰੇ ਵੱਡੇ ਸਾਲੇ ਕਸਬੇ ਗੁਰੂਜੀ ਨੇ ਉਹ ਪ੍ਰੋਗਰਾਮ ਕਰਵਾਇਆ ਸੀ। ਪਹਿਲਾਂ ਉਹ

ਬੋਲੀ, ਪਿੱਛੋਂ ਮੈਂ। ਉਸ ਦੀ ਉੱਚੀ ਆਵਾਜ਼, ਵਿਸਫੋਟਕ ਵਿਅਕਤੀਤਵ ਅਤੇ ਸਰੋਤਿਆਂ ਦੀਆਂ ਤਾੜੀਆਂ ਨਾਲ ਮਿਲਣ ਵਾਲੀ ਦਾਦ। ਇਸ ਸਭ ਕੁਝ ਨਾਲ ਸਭਾ ਖੌਲਣ ਵਾਲੇ ਸਮੁੰਦਰ ਵਰਗੀ ਲੱਗੀ। ਮੈਂ ਵੀ ਬੋਲਿਆ। ਤਾੜੀਆਂ ਨਹੀਂ ਵੱਜੀਆਂ। ਉਸ ਨੇ ਕਿਹਾ, "ਠੀਕ ਬੋਲੇ ਤੁਸੀਂ!" ਮੈਂ ਹਲਕਾ ਜਿਹਾ ਮੁਸਕਰਾਇਆ।

"ਸ਼ਿਵ ਜਯੰਤੀ 'ਤੇ ਭੀਮ ਜਯੰਤੀ ਇਕੱਠੀ ਮਨਾਈ ਜਾਣੀ ਚਾਹੀਦੀ ਹੈ। ਇਹ ਸਮੇਂ ਦੀ ਮੰਗ ਹੈ। ਸ਼ਿਵਜੀ ਮਹਾਰਾਜ ਨੇ ਮੁਗ਼ਲ ਸੱਤਾ ਦੇ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਬਾਬਾ ਸਾਹਿਬ ਨੇ ਜਾਤੀ ਵਿਵਸਥਾ ਦਾ ਵਿਰੋਧ। ਸ਼ਿਵਜੀ ਮਹਾਰਾਜ ਨੇ ਬਹੁਜਨਾਂ ਨੂੰ ਗ਼ੁਲਾਮੀ ਦੇ ਖ਼ਿਲਾਫ਼ ਕੀਤਾ ਤਾਂ ਬਾਬਾ ਸਾਹਿਬ ਨੇ ਦਲਿਤਾਂ ਨੂੰ। ਸ਼ਿਵਜੀ ਮਹਾਰਾਜ ਆਪਣੀ ਭਾਸ਼ਾ, ਆਪਣੇ ਧਰਮ ਅਤੇ ਆਪਣੇ ਰਾਜ ਲਈ ਲੜ ਰਹੇ ਸੀ ਅਤੇ ਬਾਬਾ ਸਾਹਿਬ ਬਰਾਬਰਤਾ, ਆਜ਼ਾਦੀ ਅਤੇ ਨਿਆਂ ਲਈ।

ਇਨ੍ਹਾਂ ਦੋਵਾਂ ਮਹਾਂਪੁਰਸ਼ਾਂ ਦੇ ਕੰਮਾਂ ਦੀ ਤੁਲਨਾ ’ਚ ਹੀ ਅਜੋਕੇ ਅੰਦੋਲਨ ਨੂੰ ਕੋਈ ਸੇਧ ਮਿਲ ਸਕਦੀ ਹੈ।

ਮੈਨੂੰ ਮੇਰਾ ਭਾਸ਼ਣ ਯਾਦ ਆ ਰਿਹਾ ਹੈ। ਖ਼ੂਬ ਖਿੱਚੋ-ਤਾਣ ਕਰਕੇ ਮੈਂ ਸ਼ਿਵ ਸ਼ਕਤੀ ਅਤੇ ਭੀਮ ਸ਼ਕਤੀ ਨੂੰ ਜੋੜਨ ਦਾ, ਉਨ੍ਹਾਂ ਨੂੰ ਇਕੱਠੇ ਕਰਨ ਦਾ ਯਤਨ ਕਰ ਰਿਹਾ ਸੀ।

“ਸ਼ਿਵ ਜਯੰਤੀ ਅਤੇ ਭੀਮ ਜਯੰਤੀ ਇਕੱਠੀ ਮਨਾਉਣ ਦੀ ਕੋਈ ਲੋੜ ਨਹੀਂ ਹੈ। ਅਸੀਂ ਸ਼ਿਵਜੀ ਮਹਾਰਾਜ ਦੀ ਤਸਵੀਰ ਲਾਉਂਦੇ ਹਾਂ। ਪਰ ਉਹ ਬਾਬਾ ਸਾਹਿਬ ਦੀ ਫੋਟੋ ਨਹੀਂ ਲਾਉਂਦੇ। ਫਿਰ ਸਾਨੂੰ ਵੀ ਕੀ ਲੋੜ ਹੈ? ਜਿਸ ਡਰ ਕਾਰਨ ਅਸੀਂ ਇਕੱਠੇ ਹੋਣ ਦੀ ਬੋਲੀ ਬੋਲ ਰਹੇ ਹਾਂ, ਡਰ ਕਾਰਨ ਇਕੱਠੇ ਹੋਣ ਦਾ ਅਰਥ ਹੈ ਲੰਮੇ ਸਮੇਂ ਲਈ ਹਿੰਸਾ ਦੀ ਸ਼ਰਨ ’ਚ ਚਲੇ ਜਾਣਾ।” ਨਿਕਮ ਮਾਮਾ ਅਤੇ ਚੰਦਰ ਕਾਂਤ ਅਭੋਰੇ ਜੀ ਨੇ ਪੱਤ੍ਰਿਕਾ ਕੱਢ ਕੇ ਸਮਾਗਮ ਦਾ ਵਿਰੋਧ ਕੀਤਾ ਸੀ। ਇਸ ਕਾਰਨ ਪ੍ਰੋਗਰਾਮ ’ਚ ਹਾਜ਼ਰੀ ਥੋੜ੍ਹੀ ਸੀ।

“ਸ਼ਿਵ ਸ਼ਕਤੀ ਤੇ ਭੀਮ ਸ਼ਕਤੀ ਇਕੱਠੀ ਕਿਉਂ ਨਾ ਆਵੇ। ਸ਼ਿਵ ਸ਼ਕਤੀ ਨੂੰ ਚਾਹੀਦਾ ਹੈ ਕਿ ਉਹ ਹਿੰਦੂਤਵ ਨੂੰ ਦੂਰ ਰੱਖੇ। ਇਹ ਦੋ ਵਿਰੋਧੀ ਸ਼ਕਤੀਆਂ ਜੇ ਇਕੱਠੀਆਂ ਹੋ ਜਾਣ ਤਾਂ ਸਮਾਜਿਕ ਤਣਾਅ ਘਟ ਜਾਵੇਗਾ। ਭੀਮ ਸ਼ਕਤੀ ਨੂੰ ਪਰਿਵਰਤਨਵਾਦੀ ਹਿੰਦੂਆਂ ’ਤੇ ਵਿਸ਼ਵਾਸ ਕਰਨਾ ਚਾਹੀਦਾ ਹੈ। ਸਭ ਨੂੰ ਹਿੰਦੂਵਾਦੀ ਕਹਿ ਕੇ ਚੀਕਣ ਨਾਲ ਮੁਸ਼ਕਲਾਂ ਪੈਦਾ ਹੋ ਸਕਦੀਆਂ ਨੇ।”

ਰਮਾ ਬਾਬਰ, ਪ੍ਰੋਫੈਸਰ ਰਾਹੁਲ ਬਨਸੋਢੇ ਅਤੇ ਯਾਕੂਬ ਸ਼ੇਖ਼ ਰੁੱਝੇ ਹੋਏ ਸਨ। ਬਾਵਜੂਦ ਇਸ ਦੇ ਉਨ੍ਹਾਂ ਨੇ ਮੈਨੂੰ ਸਮਾਂ ਦਿੱਤਾ। ਉਹ ਬਾਹਰ ਚਲੇ ਗਏ। ਉਨ੍ਹਾਂ ਦੇ ਜਾਣ ਪਿੱਛੋਂ ਮੈਂ ਬੇਚੈਨੀ ਮਹਿਸੂਸ ਕਰ ਰਿਹਾ ਸੀ।

ਰਮਾ ਬਾਬਰ ਵਿਆਹੀ ਨਹੀਂ ਸੀ। ਉਸ ਨੇ ਆਪਣੀ ਜ਼ਿੰਦਗੀ ਅੰਦੋਲਨ ਨੂੰ ਸਮਰਪਿਤ ਕੀਤੀ ਹੋਈ ਸੀ।

ਪ੍ਰੋਫੈਸਰ ਰਾਹੁਲ ਬਨਸੋਢੇ ਨੂੰ ਸੰਸਥਾ ਨੇ ਨੌਕਰੀ ਤੋਂ ਹਟਾ ਦਿੱਤਾ